# ਵਿਧਾਨ ਸਭਾ ਦੀ ਬਣਤਰ ਅਤੇ ਸ਼ਕਤੀਆਂ

**ਸੰਵਿਧਾਨ ਦੇ ਅਨੁਛੇਦ 168 ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਰਾਜ ਦਾ ਇੱਕ ਵਿਧਾਨ ਮੰਡਲ ਹੋਵੇਗਾ।**

# ਵਿਧਾਨ ਸਭਾ ਦੀ ਰਚਨਾ

ਸੰਵਿਧਾਨ ਅਨੁਸਾਰ ਕਿਸੇ ਰਾਜ ਦੀ ਵਿਧਾਨ ਸਭਾ ਵਿੱਚ ਵੱਧ ਤੋਂ ਵੱਧ ਚੁਣੇ ਹੋਏ ਮੈਂਬਰ 500 ਅਤੇ ਘੱਟ ਤੋਂ ਘੱਟ 60 ਮੈਂਬਰ ਹੋ ਸਕਦੇ ਹਨ। ਵਰਤਮਾਨ ਸਮੇਂ ਪੰਜਾਬ ਰਾਜ ਦੀ ਵਿਧਾਨ ਸਭਾ ਦੇ ਕੁੱਲ ਮੈਂਬਰ 117,ਹਰਿਆਣਾ ਦੇ 90,ਹਿਮਾਚਲ ਪ੍ਰਦੇਸ਼ ਦੇ68 ਹਨ।

# ਵਿਧਾਨ ਸਭਾ ਦੇ ਮੈਂਬਰਾਂ ਦੀਆਂ ਯੋਗਤਾਵਾਂ

1) ਉਹ ਭਾਰਤ ਦਾ ਨਾਗਰਿਕ ਹੋਵੇ।
2) ਉਸ ਦੀ ਉਮਰ 25 ਸਾਲ ਤੋਂ ਘੱਟ ਨਾ ਹੋਵੇ।
3) ਉਹ ਸੰਸਦ ਦੁਆਰਾ ਨਿਸ਼ਚਿਤ ਕੀਤੀਆਂ ਸਾਰੀਆਂ ਯੋਗਤਾਵਾਂ ਰੱਖਦਾ ਹੋਵੇ।
4)ਉਹ ਭਾਰਤ ਦੀ ਕਿਸੇ ਲਾਭਦਾਇਕ ਪਦਵੀ ਤੇ ਬਿਰਾਜਮਾਨ ਨਾ ਹੋਵੇ।
5) ਉਹ ਦੀਵਾਲੀਆ ਨਾ ਹੋਵੇ।
6)ਉਹ ਸੰਸਦ ਦੁਆਰਾ ਬਣਾਏ ਕਿਸੇ ਕਾਨੂੰਨ ਅਨੁਸਾਰ ਵਿਧਾਨ ਸਭਾ ਦੇ ਸਥਾਨ ਲਈ ਆਯੋਗ ਨਾ ਹੋਵੇ।

- **ਮਿਆਦ** : ਵਰਤਮਾਨ ਸਮੇਂ ਵਿਧਾਨ ਸਭਾ ਦਾ ਕਾਰਜਕਾਲ ਪੰਜ ਸਾਲ ਹੈ। ਇਸਨੂੰ ਨਿਸ਼ਚਿਤ ਸਮੇਂ ਤੋਂ ਪਹਿਲਾਂ ਵੀ ਰਾਜਪਾਲ ਵਿਧਾਨ ਸਭਾ ਨੂੰ ਭੰਗ ਕਰਵਾ ਕੇ ਨਵੀਆਂ ਚੋਣਾਂ ਕਰਵਾ ਸਕਦਾ ਹੈ।
- **ਤਨਖਾਹ ਅਤੇ ਭੱਤੇ** : ਸਾਰੀਆਂ ਰਾਜ ਸਭਾਵਾਂ ਦੇ ਮੈਂਬਰਾਂ ਦੀ ਤਨਖਾਹ ਅਤੇ ਭੱਤੇ ਇੱਕੋ ਜਿਹੇ ਨਹੀਂ ਹਨ ਕਿਉਂਕਿ ਉਹਨਾਂ ਦੀ ਤਨਖਾਹ ਅਤੇ ਭੱਤੇ ਸੰਬੰਧਿਤ ਰਾਜਾਂ ਦੇ ਵਿਧਾਨ ਮੰਡਲ ਦੁਆਰਾ ਨਿਸ਼ਚਿਤ ਕੀਤੇ ਜਾਂਦੇ ਹਨ
- **ਵਿਧਾਨ ਸਭਾ ਦੇ ਅਧਿਕਾਰੀ**: ਵਿਧਾਨ ਸਭਾ ਦੇ ਮੈਂਬਰ ਆਪਣੇ ਵਿੱਚੋਂ ਇੱਕ ਮੈਂਬਰ ਨੂੰ ਸਪੀਕਰ ਦੀ ਅਤੇ ਕਿਸੇ ਦੂਸਰੇ ਮੈਂਬਰ ਨੂੰ ਡਿਪਟੀ ਸਪੀਕਰ ਦੀ ਪਦਵੀ ਲਈ ਚੁਣਦੇ ਹਨ ਇਹਨਾਂ ਪਦਵੀਆਂ ਵਿੱਚੋਂ ਜਦੋਂ ਕੋਈ ਪਦਵੀ ਖਾਲੀ ਹੁੰਦੀ ਹੈ ਤਾਂ ਵਿਧਾਨ ਸਭਾ ਦੇ ਮੈਂਬਰ ਕਿਸੇ ਹੋਰ ਵਿਅਕਤੀ ਨੂੰ ਉਸ ਪਦਵੀ ਲਈ ਚੁਣਦੇ ਹਨ

- **ਵਿਧਾਨ ਸਭਾ ਦਾ ਸਮਾਗਮ** : ਰਾਜ ਦਾ ਰਾਜਪਾਲ ਜਦੋਂ ਅਤੇ ਜਿੱਥੇ ਯੋਗ ਸਮਝੇ ਰਾਜ ਵਿਧਾਨ ਪਾਲਿਕਾ ਦਾ ਸਮਾਗਮ ਬੁਲਾ ਸਕਦਾ ਹੈ ।ਰਾਜਪਾਲ ਦੀ ਇਸ ਸ਼ਕਤੀ ਉੱਤੇ ਇੱਕ ਸੰਵਿਧਾਨਿਕ ਪਾਬੰਦੀ ਹੈ ਕਿ ਪਿਛਲੇ ਸਮਾਗਮ ਦੀ ਆਖਰੀ ਤਾਰੀਖ ਅਤੇ ਆਉਣ ਵਾਲੇ ਸਮਾਗਮ ਦੀ ਪਹਿਲੀ ਤਾਰੀਖ ਵਿਚਕਾਰ ਛੇ ਮਹੀਨਿਆਂ ਤੋਂ ਵੱਧ ਸਮਾਂ ਨਾ ਬੀਤਿਆ ਹੋਵੇ।
- **ਕੋਰਮ** **:** ਰਾਜ ਵਿਧਾਨ ਸਭਾ ਦਾ ਕੋਰਮ ਸੰਬੰਧਿਤ ਤੇ ਰਾਜ ਵਿਧਾਨ ਸਭਾ ਦੇ ਮੈਂਬਰਾਂ ਦੀ ਕੁੱਲ ਸੰਖਿਆ ਦਾ 1/10 ਭਾਗ ਨਿਸ਼ਚਿਤ ਕੀਤਾ ਗਿਆ ਹੈ। ਸੰਵਿਧਾਨ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਰਾਜ ਵਿਧਾਨ ਸਭਾ ਦਾ ਕੋਰਮ 10 ਮੈਂਬਰਾਂ ਤੋਂ ਘੱਟ ਨਹੀਂ ਹੋ ਸਕਦਾ।

# ਵਿਧਾਨ ਸਭਾ ਦੀਆਂ ਸ਼ਕਤੀਆਂ ਅਤੇ ਕੰਮ

1) **ਵਿਧਾਨਿਕ ਸ਼ਕਤੀਆਂ**- ਸੰਵਿਧਾਨ ਦੇ ਅਧੀਨ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਸਬੰਧੀ ਤਿੰਨ ਸੂਚੀਆਂ ਅੰਕਿਤ ਕੀਤੀਆਂ ਗਈਆਂ ਹਨ। ਸੰਘ ਸੂਚੀ ,ਰਾਜ ਸੂਚੀ ਅਤੇ ਸਮਵਰਤੀ ਸੂਚੀ ਰਾਜ ਵਿਧਾਨ ਸਭਾਵਾਂ ਉਹਨਾਂ ਸਭ ਵਿਸ਼ਿਆਂ ਉੱਤੇ ਕਾਨੂੰਨ ਦਾ ਨਿਰਮਾਣ ਕਰ ਸਕਦੀਆਂ ਹਨ ਜੋ ਵਿਸ਼ੇ ਰਾਜ ਸੂਚੀ ਅਤੇ ਸਮਵਰਤੀ ਸੂਚੀ ਵਿੱਚ ਦਰਜ ਹਨ। ਇਹ ਗੱਲ ਵਰਨਰ ਯੋਗ ਹੈ ਕਿ ਸਮਵਰਤੀ ਸੂਚੀ ਵਿੱਚ ਦਿੱਤ ਵਿਸ਼ਿਆਂ ਉੱਤੇ ਕੇਂਦਰੀ ਸੰਸਦ ਵੀ ਕਾਨੂੰਨ ਬਣਾ ਸਕਦੀ ਹੈ ਪਰੰਤੂ ਜੇਕਰ ਰਾਜ ਵਿਧਾਨਪਾਲਿਕਾ ਦੁਆਰਾ ਬਣਾਇਆ ਕਾਨੂੰਨ ਸੰਸਦ ਦੁਆਰਾ ਬਣਾਏ ਕਾਨੂੰਨ ਦੀ ਵਿਰੋਧਤਾ ਕਰਦਾ ਹੈ ਤਾਂ ਰਾਜ ਵਿਧਾਨਪਾਲਿਕਾ ਦਾ ਕਾਨੂੰਨ ਉਸ ਹੱਦ ਤੱਕ ਰੱਦ ਸਮਝਿਆ ਜਾਵੇਗਾ ਜਿਸ ਹੱਦ ਤੱਕ ਉਹ ਕੇਂਦਰੀ ਕਾਨੂੰਨ ਦੀ ਵਿਰੋਧਤਾ ਕਰਦਾ ਹੈ।

2) **ਵਿੱਤੀ ਸ਼ਕਤੀਆਂ** (Financial Powrs) : ਰਾਜ ਦੇ ਵਿੱਤ ਉੱਤੇ ਰਾਜ ਵਿਧਾਨ ਸਭਾ ਦਾ ਪੂਰਾ ਕੰਟਰੋਲ ਹੁੰਦਾ ਹੈ। ਵਿਧਾਨ ਸਭਾ ਦੀ ਪ੍ਰਵਾਨਗੀ ਤੋਂ ਬਿਨਾ ਰਾਜ ਦੇ ਖਜ਼ਾਨੇ ਵਿਚੋਂ ਕਿਸੇ ਕਿਸਮ ਦਾ ਖ਼ਰਚ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਵਿਧਾਨ ਸਭਾ ਦੀ ਆਗਿਆ ਤੋਂ ਬਿਨਾ ਟੈਕਸ ਲਗਾਇਆ, ਘਟਾਇਆ ਜਾਂ ਵਧਾਇਆ ਜਾ ਸਕਦਾ ਹੈ। ਹਰੇਕ ਵਿੱਤੀ ਸਾਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਰਾਜਪਾਲ ਵਿਧਾਨ ਸਭਾ ਵਿਚ ਆਉਣ ਵਾਲੇ ਵਿੱਤੀ ਸਾਲ ਦੇ ਅਨੁਮਾਨਿਤ ਆਮਦਨ ਅਤੇ ਖ਼ਰਚ ਦਾ ਵੇਰਵ ਪੇਸ਼ ਕਰਾਉਂਦਾ ਹੈ। ਧਨ ਬਿੱਲ ਵਿਧਾਨ ਪਰਿਸ਼ਦ ਵਿਚ ਪੇਸ਼ ਨਹੀਂ ਕੀਤੇ ਜਾ ਸਕਦੇ। ਇਸ ਦਾ ਭਾਵ ਇਹ ਹੋਇਆ ਕਿ ਧਨ ਬਿੱਲ ਕੇਵਲ ਵਿਧਾਨ ਸਭਾ ਵਿਚ ਹੀ ਪੇਸ਼ ਕੀਤੇ ਜਾ ਸਕਦੇ ਹਨ। ਧਨ ਬਿੱਲ ਨੂੰ ਖਾਸ ਕਰਨ ਸਬੰਧੀ ਵੀ ਵਿਧਾਨ ਪਰਿਸ਼ਦ ਦੇ ਮੁਕਾਬਲੇ ਵਿਧਾਨ ਸਭਾ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਗਈਆਂ ਹਨ।

**3) ਕਾਰਜਪਾਲਿਕਾ ਉੱਤੇ ਨਿਰੰਤਰਣ** -ਕੇਂਦਰ ਦੀ ਤਰ੍ਹਾਂ ਰਾਜਾਂ ਵਿਚ ਵੀ ਸੰਸਦੀ ਸ਼ਾਸਨ ਪ੍ਰਣਾਲੀ ਹੋਣ ਕਾਰਨ ਰਾਜਪਾਲ ਦੀ ਸਲਾਹ ਅਤੇ ਸਹਾਇਤਾ ਲਈ ਮੰਤਰੀ-ਪਰਿਸ ਦੀ ਵਿਵਸਥਾ ਕੀਤੀ ਗਈ ਹੈ ਜੋ ਸਮੂਹਿਕ ਰੂਪ ਵਿਚ ਵਿਧਾਨ ਸਭਾ ਪ੍ਰਤੀ ਉੱਤਰਦਾਈ ਹੈ। ਮੰਤਰੀ ਪਰਿਸ਼ਦ ਦਾ ਵਿਧਾਨ ਸਭਾ ਪ੍ਰਤੀ ਉੱਤਰਦਾਈ ਹੋਣਾ ਵਿਧਾਨ ਸਭਾ ਦੇ ਕਾਰਜਪਾਲਿਕਾ ਉੱਤੇ ਕੰਟਰੋਲ ਦਾ ਪ੍ਰਤੱਖ ਸਬੂਤ ਹੈ। ਵਿਧਾਨ ਸਭਾ ਹੇਠ ਲਿਖੇ ਸਾਧਨਾ ਰਾਹੀਂ ਕਾਰਜਪਾਲਿਕਾ ਉੱਤੇ ਕੰਟਰੋਲ ਰੱਖਦੀ ਹੈ।

**(i) ਪ੍ਰਸ਼ਨ (Questions) : ਵਿਧਾਨ ਸਭਾ ਦੇ ਸਮਾਗਮ ਸਮੇਂ ਹਰ ਰੋਜ਼ ਸਵਾਲਾਂ ਲਈ ਇਕ ਘੰਟਾ ਨਿਸਚਿਤ ਕੀਤਾ ਜਾਂਦਾ ਹੈ। ਹਰੇਕ ਮੈਂਬਰ ਨੂੰ ਨਿਯਮਾਂ ਅਨੁਸਾਰ ਅਗੇਤਰੀ ਸੂਚਨਾ ਦੇ ਕੇ ਕਿਸੇ ਮੰਤਰੀ ਕੋਲੋਂ ਉਸ ਦੇ ਵਿਭਾਗਾਂ ਸਬੰਧੀ ਪ੍ਰਸ਼ਨ ਪੁੱਛਣ ਦਾ ਅਧਿਕਾਰ ਹੈ।**

**(ii) ਬਹਿਸ (Debate) : ਵਿਧਾਨ ਸਭਾ ਦੇ ਮੈਂਬਰ ਬਹਿਸ ਦੁਆਰਾ ਕਾਰਜਪਾਲਿਕਾ ਦੀਆਂ ਨੀਤੀਆਂ ਅਤੇ ਕੰਮਾਂ ਦੀ ਕਰੜੀ ਆਲੋਚਨਾ ਕਰਦੇ ਹਨ। ਬਹਿਸ ਅਖ਼ਬਾਰਾਂ ਦੁਆਰਾ ਜਨਤਾ ਤੱਕ ਪੁੱਜਦੀ ਹੈ।**

3) ਅਵਿਸ਼ਵਾਸ ਦਾ ਪ੍ਰਸਤਾਵ: ਵਿਧਾਨ ਸਭਾ ਸਮੁੱਚੀ ਮੰਤਰੀ ਪਰਿਸ਼ਦ ਵਿਰੁੱਧ ਸਾਧਾਰਨ ਬਹੁਮਤ ਨਾਲ ਅਵਿਸ਼ਵਾਸ ਦਾ ਪ੍ਰਸਤਾਵ ਪਾਸ ਕਰਕੇ ਉਸ ਨੂੰ ਤਿਆਗ-ਪੱਤਰ ਦੇਣ ਲਈ ਮਜਬੂਰ ਕਰ ਸਕਦੀ ਹੈ।

4) ਸਥਗਨ ਮਤਾ : ਵਿਧਾਨ ਸਭਾ ਦੀ ਬੈਠਕ ਦੇ ਦੌਰਾਨ ਕੋਈ ਵੀ ਮੈਂਬਰ ਕਿਸੇ ਜ਼ਰੂਰੀ ਜਨਤਕ ਮਹਾਨਤਾ ਵਾਲੇ ਵਿਸ਼ੇ ਉੱਤੇ ਬਹਿਸ ਕਰਨ ਲਈ ਸਥਗਨ ਮਤਾ ਪੇਸ ਕਰ ਸਕਦਾ ਹੈ। ਜੇਕਰ ਸਪੀਕਰ ਉਸ ਮਤੇ ਨੂੰ ਦਾਖਲ ਕਰ ਲਵੇ ਤਾਂ ਉਸ ਉੱਤੇ ਸਦਨ ਦੇ ਮੈਂਬਰ ਬਹਿਸ ਕਰਦੇ ਹਨ। ਅਜਿਹੀ ਬਹਿਸ ਸਮੇਂ ਮੰਤਰੀਆਂ ਦੀ ਅਕਸਰ ਕਰੜੀ ਆਲੋਚਨਾ ਕੀਤੀ ਜਾਂਦੀ ਹੈ।

(v) ਧਿਆਨਦਿਵਾਊ ਮਤਾ : ਜਦੋਂ ਵਿਧਾਨ ਸਭਾ ਦਾ ਇਜਲਾਸ ਜਾਰੀ ਹੋਵੇ ਅਤੇ ਕਈ ਮੈਂਬਰ ਸਦਨ ਦਾ ਧਿਆਨ ਕਿਸੇ ਜ਼ਰੂਰੀ ਘਟਨਾ ਵੱਲ ਦਿਵਾਉਣਾ ਚਾਹੁੰਦਾ ਹੋਵੇ ਤਾਂ ਉਹ ਧਿਆਨ ਦਵਾਓ ਮਾਤਾ ਪੇਸ਼ ਕਰ ਸਕਦਾ ਹੈ ਅਜਿਹੇ ਮਤੇ ਅਕਸਰ ਮੰਤਰੀਆਂ ਦੇ ਹੀ ਧਿਆਨ ਦਵਾਉਣ ਲਈ ਪੇਸ਼ ਕੀਤੇ ਜਾਂਦੇ ਹਨ।

4) **ਚੋਣ ਸਬੰਧੀ ਕੰਮ** ਰਾਜ ਵਿਧਾਨ ਸਭਾ ਦੇ ਮੈਂਬਰ ਹੇਠ ਲਿਖੇ ਅਧਿਕਾਰੀਆਂ ਦੀ ਚੋਣ ਵਿੱਚ ਹਿੱਸਾ ਲੈਂਦੇ ਹਨ -

(1) ਰਾਜ ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰ ਰਾਸ਼ਟਰਪਤੀ ਦੀ ਚੋਣ ਵਿੱਚ ਭਾਗ ਲੈਂਦੇ ਹਨ।

(ii) ਰਾਜ ਵਿਧਾਨ ਸਭਾ ਆਪਣੇ ਮੈਂਬਰਾਂ ਵਿਚੋਂ ਹੀ ਇਕ ਮੈਂਬਰ ਨੂੰ ਸਪੀਕਰ ਅਤੇ ਕਿਸੇ ਦੂਸਰੇ ਮੈਂਬਰ ਨੂੰ ਡਿਪਟੀ ਸਪੀਕਰ ਦੀ ਪਦਵੀ ਲਈ ਚੁਣਦੀ ਹੈ।

111) ਰਾਜ ਵਿਧਾਨ ਪਰਿਸ਼ਦ ਦੇ ਕੁੱਲ ਮੈਂਬਰਾਂ ਦੇ ਇਕ-ਤਿਹਾਈ (1/3) ਭਾਗ ਨੂੰ ਰਾਜ ਸਭਾ ਦੇ ਮੈਂਬਰ ਚੁਣਦੇ ਹਨ।

(iv) ਰਾਜ ਸਭਾ ਵਿਚ ਭੇਜੇ ਜਾਣ ਵਾਲੇ ਕਿਸੇ ਰਾਜ ਦੇ ਮੈਂਬਰ ਸਬੰਧਿਤ ਰਾਜ ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰਾ ਦੁਆਰਾ ਚੁਣੇ ਜਾਂਦੇ ਹਨ।

5) **ਸੰਵਿਧਾਨਿਕ ਕੰਮ**: ਰਾਜ ਵਿਧਾਨਪਾਲਿਕਾਵਾਂ ਨੂੰ ਸੰਵਿਧਾਨ ਵਿਚ ਸੋਧ ਕਰਨ ਸਬੰਧੀ ਕੋਈ ਮਹੱਤਵਪੂਰਨ ਸ਼ਕਤੀ ਪ੍ਰਾਪਤ ਨਹੀਂ ਹੈ। ਇੱਥੋਂ ਤੱਕ ਕਿ ਰਾਜ ਵਿਧਾਨਪਾਲਿਕਾਵਾਂ ਸੰਵਿਧਾਨ ਵਿਚ ਸੋਧ ਕਰਨ ਦਾ ਸੁਝਾਅ ਵੀ ਨਹੀਂ ਦੇ ਸਕਦੀਆਂ । ਸੰਵਿਧਾਨ ਵਿਚ ਸੋਧ ਕਰਨ ਦੀ ਸ਼ਕਤੀ ਕੇਂਦਰੀ ਸੰਸਦ ਨੂੰ ਹੀ ਸੌਂਪੀ ਗਈ ਹੈ ਪਰ ਸੰਵਿਧਾਨ ਦੇ ਕੁਝ ਭਾਗ ਅਜਿਹੇ ਹਨ ਜਿਨ੍ਹਾਂ ਦੀ ਤਰਮੀਮ ਕਰਨ ਲਈ ਕੁੱਲ ਰਾਜ ਵਿਧਾਨ ਮੰਡਲਾ ਵਿਚੋਂ ਘੱਟ ਤੋਂ ਘੱਟ ਅੱਧੇ ਵਿਧਾਨ ਮੰਡਲਾ ਦੀ ਪ੍ਰਵਾਨਗੀ ਮਿਲਣੀ ਜ਼ਰੂਰੀ ਹੈ।

6)**ਫੁਟਕਲ ਕੰਮ** : ਉਪਰੋਕਤ ਕੰਮਾਂ ਤੋਂ ਇਲਾਵਾ ਰਾਜ ਵਿਧਾਨ ਸਭਾ ਕੁਝ ਫੁਟਕਲ ਕੰਮ ਵੀ ਕਰਦੀ ਹੈ ਜਿਨ੍ਹਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ -

1) ਰਾਜ ਵਿਧਾਨ ਸਭਾ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਅਤੇ ਹਾਜ਼ਰ ਤੇ ਵੋਟ ਦੇਣ ਵਾਲੇ ਮੈਂਬਰਾਂ ਦੇ ਦੋ ਤਿਹਾਈ ਬਹੁਮਤ ( ਨਾਲ ਮਤਾ ਪਾਸ ਕਰਕੇ ਵਿਧਾਨ ਪਰਿਸ਼ਦ ਦੀ ਸਥਾਪਨਾ ਜਾ ਸਮਾਪਤੀ ਲਈ ਕੇਂਦਰੀ ਸੰਸਦ ਨੂੰ ਬੇਨਤੀ ਕਰ ਸਕਦੀ ਹੈ। ਰਾਜ ਵਿਧਾਨ ਸਭਾ ਦੇ ਅਜਿਹੇ ਮਤੇ ਤੋਂ ਬਿਨਾਂ ਕੇਂਦਰੀ ਸੰਸਦ ਕਿਸੇ ਰਾਜ ਵਿਧਾਨ ਪਰਿਸ਼ਦ ਨੂੰ ਨਾ ਸਥਾਪਿਤ ਕਰ ਸਕਦੀ ਅਤੇ ਨਾ ਹੀ ਸਮਾਪਤ ਕਰ ਸਕਦੀ ਹੈ।

2) ਰਾਜ ਵਿਧਾਨਪਾਲਿਕਾ ਕਾਨੂੰਨ ਦੁਆਰਾ ਲੋਕ ਸੇਵਾ ਕਮਿਸ਼ਨ ਦੀਆਂ ਸ਼ਕਤੀਆਂ ਵਿਚ ਵਾਧਾ ਕਰ

□ **ਸਿੱਟਾ** ਰਾਜ ਦੇ ਪ੍ਰਸ਼ਾਸਨ ਵਿਚ ਰਾਜ ਵਿਧਾਨ ਸਭਾ ਦਾ ਮਹੱਤਵਪੂਰਨ ਸਥਾਨ ਹੈ। ਰਾਜ ਵਿਧਾਨਪਾਲਿਕਾ ਦੀਆਂ ਸ਼ਕਤੀਆਂ ਦਰਅਸਲ ਰਾਜ ਵਿਧਾਨ ਸਭਾ ਦੀਆਂ ਹੀ ਸ਼ਕਤੀਆਂ ਹਨ। ਜਿਨ੍ਹਾਂ ਰਾਜਾਂ ਵਿਚ ਵਿਧਾਨ ਮੰਡਲ ਦੇ ਦੋ ਸਦਨ ਹਨ ਉਹਨਾ ਵਿਚ ਦੂਸਰੇ ਸਦਨ ਵਿਧਾਨ ਪਰਿਸ਼ਦ ਦੀਆਂ ਸ਼ਕਤੀਆਂ ਵਿਧਾਨ ਸਭਾ ਦੇ ਮੁਕਾਬਲੇ ਬਿਲਕੁਲ ਮਹੱਤਵਹੀਣ ਹਨ। ਰਾਜ ਦੇ ਵਿੱਤ ਉੱਤੇ ਵਿਧਾਨ ਸਭਾ ਦਾ ਪੂਰਾ ਕੰਟਰੋਲ ਹੁੰਦਾ ਹੈ ਕਿਉਂਕਿ ਉਸ ਦੀ ਪ੍ਰਵਾਨਗੀ ਤੋਂ ਬਿਨਾ ਕਿਸੇ ਕਿਸਮ ਦਾ ਕੋਈ ਖ਼ਰਚ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਟੈਕਸ ਆਦਿ ਲਗਾਏ, ਘਟਾਏ ਜਾਂ ਵਧਾਏ ਜਾ ਸਕਦੇ ਹਨ। ਰਾਜ ਦਾ ਮੰਤਰੀ-ਮੰਡਲ ਵਿਧਾਨ ਸਭਾ ਦੇ ਕੰਟਰੋਲ ਤੋਂ ਬਾਹਰ ਨਹੀਂ ਹੈ ਕਿਉਂਕਿ ਮੰਤਰੀ-ਮੰਡਲ ਆਪਣੇ ਕੰਮਾਂ ਅਤੇ ਨੀਤੀਆਂ ਸਬੰਧੀ ਰਾਜ ਵਿਧਾਨ ਸਭਾ ਨੂੰ ਉੱਤਰਦਾਈ ਹੈ। ਰਾਜ ਵਿਧਾਨ ਸਭਾ ਮੰਤਰੀ-ਮੰਡਲ ਦੇ ਵਿਰੁੱਧ ਅਵਿਸ਼ਵਾਸ ਦਾ ਪ੍ਰਸਤਾਵ ਪਾਸ ਕਰਕੇ ਉਸ ਨੂੰ ਪਦ ਤਿਆਗਣ ਲਈ ਮਜ਼ਬੂਰ ਕਰ ਸਕਦੀ ਹੈ।

**Thank-you**

**Darshan Kaur**